EDD ਕਾਲ ਸੈਂਟਰ
PO ਬਾਕਸ
ਸ਼ਹਿਰ, CA ਜ਼ਿਪ ਕੋਡ

Employment Development Department
State of California

ਮੇਲ ਦੀ ਤਾਰੀਖ: **00/00/0000**
SSN: **000-00-0000**

ਦਾਅਵੇਦਾਰ ਦਾ ਨਾਮ
ਦਾਅਵੇਦਾਰ ਦਾ ਪਤਾ
ਸ਼ਹਿਰ, CA ਜ਼ਿਪ ਕੋਡ

EDD ਫੋਨ ਨੰਬਰ:

| | |
|---|---|
| ਅੰਗਰੇਜ਼ੀ | 1-800-300-5616 |
| ਸਪੈਨਿਸ਼ | 1-800-326-8937 |
| ਕੈਨਟੋਨੀਜ਼ | 1-800-547-3506 |
| ਮੇਨਡੇਰਿਨ | 1-866-303-0706 |
| ਵੀਅਤਨਾਮੀ | 1-800-547-2058 |
| TTY (ਨਾਨ ਵਾਇਸ) | 1-800-815-9387 |
| ਵੈਬਸਾਇਟ: | **www.edd.ca.gov** |

## ਬੇਰੁਜ਼ਗਾਰੀ ਬੀਮਾ ਅਵਾਰਡ ਦਾ ਨੋਟਿਸ

**1.** ਦਾਅਵਾ ਸ਼ੁਰੂ ਹੋਣ ਦੀ ਤਾਰੀਖ: 00/00/0000
**2.** ਦਾਅਵਾ ਖਤਮ ਹੋਣ ਦੀ ਤਾਰੀਖ: 00/00/0000
**3.** ਉੱਚਤਮ ਲਾਭ ਰਾਸ਼ੀ: $0000
**4.** ਹਫਤਾਵਾਰ ਲਾਭ ਰਾਸ਼ੀ: $000
**5.** ਕੁੱਲ ਤਨਖਾਹਾਂ: 00,000.00
**6.** ਉੱਚਤਮ ਤਿਮਾਹੀ ਕਮਾਈਆਂ: 0,000.00
**7.** ਇਹ ਆਇਟਮ ਤੁਹਾਡੇ ਦਾਅਵੇ ਅੰਦਰ ਲਾਗੂ ਨਹੀਂ ਹੁੰਦੀ। ਵਧੇਰੇ ਜਾਣਕਾਰੀ ਲਈ, ਪਿੱਛੇ ਆਇਟਮ 7 ਵੇਖੋ।
**8.** ਤੁਹਾਨੂੰ ਹਰ ਹਫ਼ਤੇ ਪੂਰੇ ਸਮੇਂ ਦੇ ਕੰਮ ਦੀ ਭਾਲ ਕਰਨੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ, DE 1275A, *ਲਾਭ ਅਤੇ ਰੁਜ਼ਗਾਰ ਸੇਵਾਵਾਂ ਲਈ, ਇੱਕ ਗਾਈਡ* ਹੈਂਡਬੁੱਕ ਵੇਖੋ, www.edd.ca.gov/forms/ ਤੇ ਆਨਲਾਈਨ ਉਪਲੱਬਧ ਹੈ।
**9.** ਇਹ ਆਇਟਮ ਤੁਹਾਡੇ ਦਾਅਵੇ ਅੰਦਰ ਲਾਗੂ ਨਹੀਂ ਹੁੰਦੀ।
**10.** ਇਸ ਦਾਅਵੇ ਦੇ ਅਵਾਰਡ ਦੀ ਗਣਨਾ (ਮਿਆਰੀ ਜਾਂ ਵਿਕਲਪਕ) 'ਤੇ ਅਧਾਰਿਤ ਸਮੇਂ ਦੇ ਆਧਾਰ 'ਤੇ ਕੀਤੀ ਹੈ।

| **11.** ਕਰਮਚਾਰੀ ਦਾ ਨਾਮ: | **12.** ਤਿਮਾਹੀ ਦੇ ਅੰਤ 'ਤੇ ਕਰਮਚਾਰੀ ਦੀ ਤਨਖਾਹਾਂ: | | | | **13.** ਮਾਲਕ ਦਾ ਨਾਮ: |
|---|---|---|---|---|---|
| | ਮਹੀਨਾ/ਸਾਲ | ਮਹੀਨਾ/ਸਾਲ | ਮਹੀਨਾ/ਸਾਲ | ਮਹੀਨਾ/ਸਾਲ | |
| ਦਾਅਵੇਦਾਰ ਦਾ ਨਾਮ | 0,000 | 0,000 | 0,000 | 0,000 | ABC CO |
| **14.** ਕੁੱਲ: | **0,000** | **0,000** | **0,000** | **0,000** | |

**ਅਗਲੇ ਸਫੇ 'ਤੇ ਮਹੱਤਵਪੂਰਨ ਜਾਣਕਾਰੀ**

## ਇਸ ਸਫੇ ਦੇ ਪਿਛਲੇ ਪਾਸੇ ਦੀਆਂ ਆਇਟਮਾਂ ਬਾਰੇ ਵਾਧੇਰੇ ਜਾਣਕਾਰੀ ਇਸ ਪ੍ਰਕਾਰ ਹੈ

1. <u>ਦਾਅਵਾ ਸ਼ੁਰੂ ਹੋਣ ਦੀ ਤਾਰੀਖ:</u> ਤਾਰੀਖ, ਜਦੋਂ ਤੁਹਾਡਾ ਦਾਅਵਾ ਸ਼ੁਰੂ ਹੁੰਦਾ ਹੈ।
2. <u>ਦਾਅਵਾ ਖਤਮ ਹੋਣ ਦੀ ਤਾਰੀਖ:</u> ਤਾਰੀਖ ਜਦੋਂ ਤੁਹਾਡਾ ਦਾਅਵਾ ਖਤਮ ਹੁੰਦਾ ਹੈ।
3. <u>ਵੱਧ ਤੋਂ ਵੱਧ ਲਾਭ ਰਾਸ਼ੀ:</u> ਪੈਸੇ ਦੀ ਕੁੱਲ ਰਾਸ਼ੀ ਜੋ ਤੁਸੀਂ ਇਸ ਦਾਅਵੇ ਤੋਂ ਪ੍ਰਾਪਤ ਕਰ ਸਕਦੇ ਹੋ।
4. <u>ਹਫਤਾਵਾਰ ਲਾਭ ਰਾਸ਼ੀ:</u> ਜੇ ਤੁਸੀਂ ਹਫ਼ਤਾਵਾਰ ਪਾਤਰਤਾ ਨੂੰ ਪੂਰਾ ਕਰਦੇ ਹੋ, ਤਾਂ ਤੁਹਾਨੂੰ ਹਰ ਹਫਤੇ ਵੱਧ ਤੋਂ ਵੱਧ ਰਾਸ਼ੀ ਦਾ ਭੁਗਤਾਨ ਕੀਤਾ ਜਾ ਸਕਦਾ ਹੈ।
5. <u>ਕੁੱਲ ਤਨਖਾਹ:</u> ਆਇਟਮ 12 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਤਿਮਾਹੀਆਂ ਦੌਰਾਨ ਮਾਲਕ(ਕਾਂ) ਦੁਆਰਾ ਰਿਪੋਰਟ ਕੀਤੀਆਂ ਕਮਾਈਆਂ ਦੀ ਕੁੱਲ ਰਾਸ਼ੀ। ਇਹ ਕਮਾਈਆਂ ਲਾਭ ਦੀ ਉੱਚਤਮ ਰਾਸ਼ੀ ਲਈ ਵਰਤੀਆਂ ਗਈਆਂ ਸਨ।
6. <u>ਉੱਚਤਮ ਤਿਮਾਹੀ ਕਮਾਈਆਂ:</u> ਆਇਟਮ 12 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਕਮਾਈਆਂ ਦੀ ਉੱਚਤਮ ਰਾਸ਼ੀ ਵਾਲੀ ਸਾਲ ਦੀ ਤਿਮਾਹੀ। ਇਹ ਕਮਾਈਆਂ ਤੁਹਾਡੀ ਹਫਤਾਵਾਰ ਲਾਭ ਰਾਸ਼ੀ ਨਿਰਧਾਰਿਤ ਕਰਦੀਆਂ ਹਨ।
7. ਪਬਲਿਕ ਸਕੂਲ ਜਾਂ ਗੈਰ ਲਾਭਕਾਰੀ ਸਕੂਲ ਤੋਂ ਮਿਲੀਆਂ ਤਨਖਾਹਾਂ ਤੋਂ ਇਲਾਵਾ ਆਇਟਮ 7 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਅਵਾਰਡ ਤੁਹਾਡਾ ਅਵਾਰਡ ਹੈ। ਆਇਟਮ 12 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਕਿਸੇ ਵੀ ਤਿਮਾਹੀ ਦੌਰਾਨ ਜੇ ਤੁਸੀਂ ਇੱਕ ਪਬਲਿਕ ਸਕੂਲ ਜਾਂ ਗੈਰ ਲਾਭਕਾਰੀ ਸਕੂਲ ਲਈ ਕੰਮ ਕੀਤਾ ਸੀ, ਤਾਂ ਤੁਸੀਂ ਰਿਸੈੱਸ ਦੇ ਸਮਾਂ ਦੀਆਂ ਤਨਖਾਹਾਂ ਆਪਣੇ ਦਾਅਵੇ ਵਿੱਚ ਵਰਤਣ ਦੇ ਯੋਗ ਨਹੀਂ ਹੋ ਸਕੋਗੇ।
8. ਲਾਭਪਾਤਰ ਹੋਣ ਲਈ ਤੁਹਾਨੂੰ ਆਇਟਮ 8 ਵਿੱਚ ਪਿਛਲੇ ਸਫੇ ਦੀਆਂ ਹਿਦਾਇਤਾਂ ਦੀ ਜ਼ਰੂਰ ਪਾਲਣਾ ਕਰਨੀ ਚਾਹੀਦੀ ਹੈ। ਕਨੂੰਨ ਅਨੁਸਾਰ ਲਾਭ ਲੈਣ ਲਈ ਦਾਅਵਾ ਕਰਦੇ ਸਮੇਂ ਤੁਹਾਨੂੰ ਕੰਮ ਲੱਭਣ ਲਈ ਸਾਰੇ ਜਾਇਜ਼ ਯਤਨ ਕਰਨੇ ਚਾਹੀਦੇ ਹਨ।
9. ਬੇਰੁਜ਼ਗਾਰੀ ਬੀਮਾ ਕੋਡ (ਸੈਕਸ਼ਨ 1277) ਚਾਹੁੰਦਾ ਹੈ ਕਿ ਅਗਲੇ ਸਾਲ ਲਈ ਇੱਕ ਜਾਇਜ਼ ਦਾਅਵੇ ਲਈ ਤੁਸੀਂ ਸ਼ੁਰੂ ਵਿੱਚ ਅਤੇ ਇੱਕ ਪੁਰਾਣੇ ਦਾਅਵੇ ਦੇ ਖਤਮ ਹੋਣ ਵਾਲੀ ਮਿਤੀ ਦੇ ਵਿਚਕਾਰ ਕੰਮ ਕਰਦੇ ਹੋਵੋ। ਜੇ ਇਹ ਤੁਹਾਡੇ ਦਾਅਵੇ 'ਤੇ ਲਾਗੂ ਹੁੰਦਾ ਹੈ ਤਾਂ ਤੁਸੀਂ ਵਧੇਰੇ ਹਿਦਾਇਤਾਂ ਹਾਸਿਲ ਕਰੋਗੇ।
10. ਤੁਹਾਡਾ ਦਾਅਵਾ ਕਰਨ ਲਈ ਵਰਤੇ ਗਏ ਆਧਾਰ ਸਮੇਂ ਦੀ ਪ੍ਰਕਾਰ; ਇਹ ਜਾਂ ਤਾਂ ਮਿਆਰੀ ਆਧਾਰ ਸਮਾਂ ਜਾਂ ਵਿਕਲਪਕ ਆਧਾਰ ਸਮਾਂ ਹੋਵੇਗਾ। ਜੇ ਮਿਆਰੀ ਆਧਾਰ ਸਮਾਂ ਵਿੱਚ ਇੱਕ ਜਾਇਜ਼ ਦਾਅਵਾ ਕਰਨ ਲਈ ਤੁਹਾਡੇ ਕੋਲ ਉਪਯੁਕਤ ਤਨਖਾਹਾਂ ਨਹੀਂ ਹਨ ਤਾਂ ਤੁਸੀਂ ਵਿਕਲਪਕ ਆਧਾਰ ਸਮਾਂ ਵਰਤਣ ਦੇ ਯੋਗ ਹੋ ਸਕਦੇ ਹੋ। ***ਵਧੇਰੇ ਜਾਣਕਾਰੀ ਲਈ, ਹੈਂਡਬੁੱਕ ਦੀ ਸਮੀਖਿਆ ਕਰੋ, DE 1275A***, *ਲਾਭ ਅਤੇ ਰੁਜ਼ਗਾਰ ਸੇਵਾਵਾਂ ਲਈ ਇੱਕ ਗਾਇਡ*, <u>www.edd.ca.gov/forms/</u> 'ਤੇ ਉਪਲਬਧ।
11. <u>ਕਰਮਚਾਰੀ ਦਾ ਨਾਮ:</u> ਆਇਟਮ 11 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਸਾਲ ਦੀ ਹਰ ਤਿਮਾਹੀ ਦੌਰਾਨ **Employment Development Department** (ਰੁਜ਼ਗਾਰ ਵਿਕਾਸ ਵਿਭਾਗ) (EDD) ਨੂੰ ਤੁਹਾਡੀਆਂ ਕਮਾਈਆਂ ਦੀ ਰਿਪੋਰਟ ਦਿੰਦੇ ਸਮੇਂ ਤੁਹਾਡੇ ਮਾਲਕ(ਕਾਂ) ਦੁਆਰਾ ਵਰਤਿਆ ਗਿਆ ਨਾਮ।
12. <u>ਸਾਲ ਦੀ ਤਿਮਾਹੀ ਦੇ ਅੰਤ ਵਿੱਚ ਕਰਮਚਾਰੀ ਦੀ ਤਨਖਾਹ:</u> ਬੇਰੁਜ਼ਗਾਰੀ ਬੀਮਾ ਉਦੇਸ਼ਾਂ ਲਈ ਇਹ ਸੰਭਵ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਤਨਖਾਹਾਂ ਹਨ ਜੋ ਤੁਹਾਡੇ ਮਾਲਕ(ਕਾਂ) ਨੇ ਰਿਪੋਰਟ ਕੀਤੀਆਂ ਜੋ ਤੁਸੀਂ ਹਰ ਸਾਲ ਦੀਆਂ ਸੂਚੀਬੱਧ ਤਿਮਾਹੀਆਂ ਦੌਰਾਨ ਕਮਾਈਆਂ। ਇਹ ਕਮਾਈਆਂ ਤੁਹਾਡੇ ਬੇਰੁਜ਼ਗਾਰ ਬੀਮਾ ਅਵਾਰਡ (UI) ਦੀ ਰਾਸ਼ੀ ਨਿਰਧਾਰਿਤ ਕਰਦੀਆਂ ਹਨ।
13. <u>ਮਾਲਕ ਦਾ ਨਾਮ:</u> ਆਇਟਮ 13 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਸਾਲ ਦੀਆਂ ਤਿਮਾਹੀਆਂ ਦੌਰਾਨ ਤੁਸੀਂ ਜਿੰਨ੍ਹਾ ਲਈ ਕੰਮ ਕੀਤਾ, ਉਸ(ਉਹਨਾਂ) ਮਾਲਕ(ਕਾਂ) ਦਾ(ਦੇ) ਨਾਮ।
14. <u>ਕੁੱਲ:</u> ਆਇਟਮ 12 ਵਿੱਚ ਪਿਛਲੇ ਸਫੇ 'ਤੇ ਸੂਚੀਬੱਧ ਸਾਲ ਦੀ ਹਰ ਤਿਮਾਹੀ ਦੌਰਾਨ ਸਾਰੇ ਮਾਲਕ(ਕਾਂ) ਦੁਆਰਾ ਰਿਪੋਰਟ ਕੀਤੀ ਕਮਾਈਆਂ ਦੀ ਕੁੱਲ ਰਾਸ਼ੀ।

ਤੁਹਾਡਾ ਦਾਅਵਾ ਗਲਤ ਹੈ ਜੇ:

ਕ. ਜੇ ਘੱਟ ਤੋਂ ਘੱਟ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਡੀਆਂ ਕਮਾਈਆਂ ਕਾਫੀ ਨਹੀਂ ਸਨ।

ਖ. ਤੁਹਾਡਾ ਇੱਕ ਪਹਿਲਾਂ ਦਾ ਹੀ UI ਦਾਅਵਾ ਸੀ ਅਤੇ ਬਾਅਦ ਵਿੱਚ ਕੀਤੇ ਜਾ ਸਕਣ ਵਾਲੇ ਸਹੀ ਦਾਅਵੇ ਲਈ ਕੰਮ ਕਰਨ ਅਤੇ ਤਨਖਾਹ ਕਮਾਉਣ ਲਈ ਜ਼ਰੂਰੀ ਲੋੜਾਂ ਨੂੰ ਪੂਰਾ ਨਹੀਂ ਸੀ ਕਰ ਰਿਹਾ।

ਮਹੱਤਵਪੂਰਨ:

ਇਹ ਯਕੀਨੀ ਬਨਾਉਣ ਲਈ ਇਸ ਸੂਚਨਾ ਨੂੰ ਧਿਆਨ ਨਾਲ ਚੈੱਕ ਕਰੋ ਕਿ ਸਾਰੇ ਮਾਲਕ ਜਿੰਨ੍ਹਾ ਲਈ ਤੁਸੀਂ ਇਸ ਸਾਲ ਦੀਆਂ ਦਰਸਾਈਆਂ ਗਈਆਂ ਤਿਮਾਹੀਆਂ ਦੌਰਾਨ ਕੰਮ ਕੀਤਾ, (ਆਇਟਮ 12 ਵਿੱਚ ਪਿਛਲੇ ਸਫੇ 'ਤੇ) ਸੂਚੀਬੱਧ ਹਨ ਅਤੇ ਇਹ ਕਿ ਤੁਹਾਡੇ ਦੁਆਰਾ ਕਮਾਈਆਂ ਤਨਖਾਹਾਂ ਦਰਸਾਈਆਂ ਗਈਆਂ ਹਨ। ਜੇ ਇੱਕ ਮਾਲਕ ਸੂਚੀਬੱਧ ਹੁੰਦਾ ਹੈ ਅਤੇ ਤੁਸੀਂ ਉਹਨਾਂ ਲਈ ਕੰਮ ਨਹੀਂ ਕੀਤਾ, ਜਾਂ ਇੱਕ ਮਾਲਕ ਸੂਚੀਬੱਧ ਨਹੀਂ ਹੁੰਦਾ, ਜਾਂ ਤੁਹਾਡੀਆਂ ਤਨਖਾਹਾਂ ਗਲਤ ਹਨ, ਗਣਨਾ ਦੀ ਸ਼ੁੱਧਤਾ ਬਾਰੇ EDD ਦਫਤਰ ਨਾਲ ਤੁਰੰਤ ਸੰਪਰਕ ਕਰੋ। ਆਇਟਮ 12 ਵਿੱਚ ਪ੍ਰਦਰਸ਼ਿਤ ਕਿਸੇ ਵੀ ਗਲਤ ਰੁਜ਼ਗਾਰ 'ਤੇ ਤਨਖਾਹ ਦੀ ਜਾਣਕਾਰੀ ਦੇ ਨਾਲ ਤੁਰੰਤ EDD ਟਿੱਪਣੀ ਕਰਨ ਵਿੱਚ ਅਸਫਲਤਾ ਲਈ ਤੁਸੀਂ ਅਯੋਗਤਾ, ਵਧੇਰੇ ਭੁਗਤਾਨ, ਅਤੇ/ਜਾਂ ਅਪਰਾਧਕ ਸਜ਼ਾ ਦੇ ਅਧੀਨ ਹੋ ਸਕਦੇ ਹੋ।

ਜੇ ਤੁਸੀਂ ਇੱਕ ਸੰਘੀ ਏਜੰਸੀ ਲਈ ਕੰਮ ਕੀਤਾ ਹੈ ਤਾਂ ਤੁਹਾਡੀ ਤਨਖਾਹ ਲਈ ਸੰਘੀ ਏਜੰਸੀ ਤੋਂ ਬੇਨਤੀ ਕੀਤੀ ਜਾਣੀ ਚਾਹੀਦੀ ਹੈ। ਤੁਸੀਂ ਇਹਨਾਂ ਤਨਖਾਹਾਂ ਨਾਲ ਸ਼ਾਮਿਲ *ਸੋਧ ਵਾਲੇ ਬੇਰੁਜ਼ਗਾਰੀ ਬੀਮਾ ਅਵਾਰਡ ਦਾ ਨੋਟਿਸ* ਪ੍ਰਾਪਤ ਕਰੋਗੇ।

ਜੇ ਇਹ ਨੋਟਿਸ ਜਾਂ ਸੋਧਿਆ ਹੋਇਆ ਨੋਟਿਸ ਗਲਤ ਹੈ ਅਤੇ ਤੁਸੀਂ ਗਣਨਾ ਦੀ ਸ਼ੁੱਧਤਾ ਜਾਂ ਮੁੜ ਗਣਨਾ ਕਰਵਾਉਣਾ ਚਾਹੁੰਦੇ ਹੋ ਤਾਂ, ਤੁਹਾਨੂੰ ਨੋਟਿਸ ਜਾਂ ਸੋਧੇ ਹੋਏ ਨੋਟਿਸ ਦੀ ਮੇਲ ਤਾਰੀਖ ਦੇ 20 ਦਿਨਾਂ ਦੇ ਅੰਦਰ EDD ਨਾਲ ਸੰਪਰਕ ਕਰਨਾ ਚਾਹੀਦਾ ਹੈ। ਨਹੀਂ ਤਾਂ, ਇੱਕ ਤਨਖਾਹ ਤਫਤੀਸ਼ ਜਾਂ ਦੁਬਾਰਾ ਗਣਨਾ ਨਾਮਨਜ਼ੂਰ ਕੀਤੀ ਜਾ ਸਕਦੀ ਹੈ। ਚੰਗੇ ਕਾਰਨ ਲਈ 20- ਦਿਨ ਦਾ ਸਮਾਂ ਵਧਾਇਆ ਵੀ ਜਾ ਸਕਦਾ ਹੈ। ਜੇ ਤੁਹਾਨੂੰ EDD ਨਾਲ ਸੰਪਰਕ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਆਪਣਾ ਪੂਰਾ ਨਾਮ, ਪਤਾ, ਅਤੇ ਸਮਾਜਕ ਸੁਰੱਖਿਆ ਨੰਬਰ ਉਪਲਬਧ ਕਰਵਾਉਣਾ ਪਵੇਗਾ ਅਤੇ ਜੇ ਜ਼ਰੂਰੀ ਹੋਵੇ, ਕੋਈ ਤਨਖਾਹ ਅਤੇ ਰੁਜ਼ਗਾਰ ਜਾਣਕਾਰੀ ਜੋ ਤੁਸੀਂ ਆਪਣੇ ਦਾਅਵੇ ਵਿੱਚ ਸ਼ਾਮਿਲ ਕਰਨਾ ਚਾਹੋਗੇ ਜਾਂ ਅਜਿਹੇ ਮਾਲਕ ਹਟਾਉਣਾ ਚਾਹੋਗੇ ਜਿੰਨ੍ਹਾ ਨਾਲ ਤੁਸੀਂ ਕੰਮ ਨਹੀਂ ਕੀਤਾ ਅਤੇ ਤਨਖਾਹ ਨਹੀਂ ਲਈ।

ਤੁਸੀਂ ***ਬੇਰੁਜ਼ਗਾਰੀ ਬੀਮਾ ਲਾਭਾਂ*** ਦਾ ਸਾਰ ਜਾਣਨ ਲਈ ਜ਼ਿੰਮੇਵਾਰ ਹੋ: ਤੁਹਾਨੂੰ ਕੀ ਜਾਣਨ ਦੀ ਲੋੜ ਹੈ, **DE 1275B**, ਅਤੇ ਹੈਂਡਬੁੱਕ ਦਾ ਸਾਰ, **DE 1275A** ***ਲਾਭ ਅਤੇ ਰੁਜ਼ਗਾਰ ਸੇਵਾਵਾਂ ਲਈ ਇੱਕ*** *ਗਾਇਡ*। ਦੋਵੇਂ ਪ੍ਰਕਾਸ਼ਨ ਤੁਹਾਡੇ ਬੇਰੁਜ਼ਗਾਰੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦੇ ਹਨ ਅਤੇ **<u>WWW.EDD.CA.GOV/FORMS/</u>** 'ਤੇ ਉਪਲਬਧ ਹਨ।

**UI** ਲਾਭ ਪ੍ਰਾਪਤ ਕਰਨ ਲਈ, ਤੁਹਾਨੂੰ ਹੇਠ ਲਿਖੇ ਤਰੀਕਿਆਂ ਵਿੱਚੋਂ ਇੱਕ ਵਰਤ ਕੇ ਲਾਭ ਲਈ ਪ੍ਰਮਾਣਿਤ ਕਰਨਾ ਜ਼ਰੂਰੀ ਹੈ:
**UI Online SM, EDD TELE-CERTSM**, ਜਾਂ ਇੱਕ ਕਾਗਜ਼ ***ਜਾਰੀ ਦਾਅਵਾ ਫਾਰਮ*** ਜਮ੍ਹਾਂ ਕਰਨਾ, **DE 4581.** ਲਾਭਾਂ ਦੇ ਪ੍ਰਮਾਣੀਕਰਨ ਵਾਸਤੇ ਵਧੇਰੇ ਜਾਣਕਾਰੀ ਲਈ, ਹੈਂਡਬੁੱਕ **DE 1275A** ਵੇਖੋ ਜੋ ਕਿ **WWW.EDD.CA.GOV/FORMS/** 'ਤੇ ਆਨਲਾਇਨ ਉਪਲਬਧ ਹੈ।

ਇੱਕ **UI** ਦਾਅਵਾ ਰੱਦ ਕਿਵੇਂ ਕਰੀਏ:

ਤੁਹਾਨੂੰ *ਬੇਰੁਜ਼ਗਾਰੀ ਬੀਮਾ ਅਵਾਰਡ* ਨੋਟਿਸ ਮੇਲ ਕੀਤੇ ਜਾਣ ਤੋਂ ਬਾਅਦ ਤੁਹਾਡੇ ਕੋਲ ਨਿਰੰਤਰ ਕੈਲੀਫੋਰਨੀਆ UI ਦਾਅਵਾ ਰੱਦ ਕਰਨ ਦਾ ਇੱਕ ਵਿਕਲਪ ਹੁੰਦਾ ਹੈ। ਜੇ ਤੁਸੀਂ ਇੱਕ ਦਾਅਵਾ ਰੱਦ ਕਰਨਾ ਚਾਹੁੰਦੇ ਹੋ ਤਾਂ, ਤੁਹਾਨੂੰ EDD ਨਾਲ ਸੰਪਰਕ ਕਰਨ ਦੀ ਲੋੜ ਹੈ। UI ਲਾਭਾਂ ਲਈ UI Online SM, EDD Tele-Cert SM, ਜਾਂ ਜਾਰੀ ਦਾਅਵਾ ਕਾਗਜ਼ ਫਾਰਮ, DE 4581 ਪੇਸ਼ ਕਰਕੇ ਪ੍ਰਮਾਣੀਕਰਨ ਨਾ ਕਰੋ। ਕਨੂੰਨ ਤੁਹਾਨੂੰ UI ਦਾਅਵਾ ਰੱਦ ਕਰਨ ਦੀ ਕੇਵਲ ਉਦੋਂ ਮਨਜ਼ੂਰੀ ਦਿੰਦਾ ਹੈ ਜੇ ਕੋਈ ਵੀ ਲਾਭ ਨਾ ਅਦਾ ਕੀਤੇ ਗਏ ਹੋਣ, ਤੁਹਾਨੂੰ ਅਯੋਗਤਾ ਦਾ ਕੋਈ ਨੋਟਿਸ ਮੇਲ ਨਾ ਕੀਤਾ ਗਿਆ ਹੋਵੇ, ਦਾਅਵੇ 'ਤੇ ਕੋਈ ਵਧੇਰੇ ਭੁਗਤਾਨ ਨਾ ਕੀਤਾ ਗਿਆ ਹੋਵੇ, ਅਤੇ ਤੁਹਾਡਾ ਲਾਭ ਦਾ ਸਾਲ ਖਤਮ ਨਾ ਹੋਇਆ ਹੋਵੇ। ਜੇ ਦਾਅਵਾ ਰੱਦ ਕਰ ਦਿੱਤਾ ਹੈ, ਇਹ ਦੁਬਾਰਾ ਚਾਲੂ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਇੱਕ ਬਾਅਦ ਦੀ ਤਾਰੀਖ ਨਾਲ ਦਾਅਵਾ ਦਾਇਰ ਕਰਨਾ ਚਾਹੀਦਾ ਹੈ।